# ਪਾਠ ਯੋਜਨਾ

①

## UNIT - 3RD 3.1 ਪਾਠ ਯੋਜਨਾ

3.2 ਅਰਥ 3.2 ਮਹੱਤਤਾ 3.3 [illegible]

(ਪਾਠ ਯੋਜਨਾ ਦਾ ਅਰਥ) / ਭੂਮਿਕਾ) :- ਕਿਸੇ ਵੀ ਕੰਮ ਦੀ ਸਫਲਤਾ ਲਈ ਯੋਜਨਾ ਦਾ ਹੋਣਾ ਜ਼ਰੂਰੀ ਹੈ। ਜਿਵੇਂ ਕਿ ਦੁਕਾਨਦਾਰ ਵੀ ਕਾਮੀ ਵਿਚ ਨਿਯਮਤ ਤਰੀਕੇ ਅਨੁਸਾਰ ਕੰਮ ਕਰਕੇ ਆਪਣੇ ਨਿਸ਼ਾਨੇ ਤੇ ਪਹੁੰਚ ਸਕਦੇ ਹਾਂ। ਮਕਾਨ ਬਣਾਉਣਾ ਹੋਵੇ ਤਾਂ ਪਹਿਲਾਂ ਯੋਜਨਾ ਤਿਆਰ ਕਰਨੀ ਪੈਂਦੀ ਹੈ। ਸਾਡੀ ਸਰਕਾਰ ਵੀ ਦੇਸ਼ ਦੀ ਆਰਥਿਕ, ਸਮਾਜਿਕ ਤੇ ਸਾਂਸਕ੍ਰਿਤਿਕ ਉੱਨਤੀ ਲਈ ਪੰਜ ਸਾਲਾ ਯੋਜਨਾ ਬਣਾਉਂਦੀ ਹੈ। ਯੋਜਨਾ ਦੇ ਬਿਨਾਂ ਸਫਲਤਾ ਨਹੀਂ ਮਿਲ ਸਕਦੀ। ਇਕ ਅਧਿਆਪਕ ਨੇ ਸ਼੍ਰੇਣੀ ਵਿਚ ਪੜ੍ਹਾਉਣਾ ਹੁੰਦਾ ਹੈ ਤੇ ਇਕ ਨਿਸ਼ਚਿਤ ਸਮੇਂ ਵਿਚ ਪਾਠਕ੍ਰਮ ਪੂਰਾ ਕਰਨਾ ਹੁੰਦਾ ਹੈ। ਇਸ ਲਈ ਉਸਨੂੰ ਵੀ ਯੋਜਨਾ ਦੀ ਲੋੜ ਹੁੰਦੀ ਹੈ। ਤੇ ਵਿਦਿਆਰਥੀਆਂ ਨੂੰ ਪਾਠ ਦਾ ਗਿਆਨ ਢੰਗ ਨਾਲ ਸਮਝਾਉਣ ਵਿਚ ਸਫਲ ਹੋ ਸਕਦਾ ਹੈ।

ਅਧਿਆਪਨ ਦੇ ਕੰਮ ਨੂੰ ਸਿਲਸਿਲੇਵਾਰ ਢੰਗ ਨਾਲ ਸੌਖਾ ਤੇ ਸਫਲ ਬਣਾਉਣ ਲਈ ਇਹ ਇਕ ਜ਼ਿੰਮੇਵਾਰ ਪ੍ਰਕਿਰਿਆ ਹੈ। ਜੇਕਰ ਅਸੀਂ ਅਨੁਸਾਰ ਜੇਕਰ ਅਸੀਂ ਅਧਿਆਪਨ ਪ੍ਰਕਿਰਿਆ ਦਾ ਸੰਪੂਰਨ ਵਿਵਰਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਸ ਗੱਲ ਵੱਲ ਜ਼ਰੂਰ ਧਿਆਨ ਦੇਣਾ ਪਵੇਗਾ ਕਿ ਅਧਿਆਪਕ ਸ਼੍ਰੇਣੀ ਵਿਚ ਜਾਣ ਤੋਂ ਪਹਿਲਾਂ ਦੇ ਦਰਮਿਆਨ ਵਿਚ ਇਸ ਸੰਬੰਧ ਦਾ ਕੀ ਕਰਦਾ ਹੈ ਉਹ ਅਧਿਆਪਕ ਨੂੰ ਇਸ ਸਾਰੀ ਪ੍ਰਕਿਰਿਆ ਅਧੀਨ ਤਿੰਨ ਅਵਸਥਾਵਾਂ ਤੋਂ ਗੁਜ਼ਰਦੇ ਹੋਏ ਸਮਝਣਾ ਹੈ।

↓ ਪੂਰਵ ਅਧਿਆਪਨ ਅਵਸਥਾ | ↓ ਅਧਿਆਪਨ ਅਵਸਥਾ | ↓ ਉੱਤਰ ਅਧਿਆਪਨ ਅਵਸਥਾ

ਪਾਠ ਯੋਜਨਾ ਦਾ ਸੰਬੰਧ ਅਧਿਆਪਨ ਦੀ ਇਸ ਪੂਰਵ ਅਧਿਆਪਨ ਅਵਸਥਾ ਨਾਲ ਹੈ ਸ਼੍ਰੇਣੀ ਚ ਦਾਖ਼ਲ ਹੋਣ ਤੋਂ ਪਹਿਲਾਂ ਅਧਿਆਪਨ ਤੋਂ ਪੂਰਵ ਅਧਿਆਪਨ ਨਾਲ ਸੰਬੰਧਿਤ ਹੈ। ਪਾਠ ਅਧਿਆਪਨ

Scanned with CamScanner

(3)

ਨਾਲ ਸੰਬੰਧਿਤ ਭਿੰਨ ਭਿੰਨ ਕਿਰਿਆਵਾਂ ਦਾ ਨਿਯੋਜਨ ਕਰਨਾ ਹੁੰਦਾ ਹੈ। ਪਾਠ ਯੋਜਨਾ ਕਿਸੇ ਢੰਗ ਨਾਲ ਸੰਬੰਧਿਤ ਹੈ।

**ਪਾਠ ਯੋਜਨਾ ਦਾ ਅਰਥ :-** ਸਾਧਾਰਨ ਸ਼ਬਦਾਂ ਵਿਚ ਪਾਠ ਯੋਜਨਾ ਦਾ ਅਰਥ - "ਕਿਸੇ ਵਿਸ਼ੇ ਦੀ ਕਿਸੇ ਵਿਸ਼ੇਸ਼ ਇਕਾਈ ਨਾਲ ਸੰਬੰਧਿਤ, ਦੈਨਿਕ ਪਾਠ ਦੀ ਯੋਜਨਾ ਤੋਂ ਹੈ, ਜਿਸ ਅਨੁਸਾਰ ਇਕ ਅਧਿਆਪਕ ਨੇ ਨਿਸ਼ਚਿਤ ਅਨੁਦੇਸ਼ਨਾਤਮਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਸਕੂਲ ਦੇ ਕਿਸੇ ਵਿਸ਼ੇਸ਼ ਘੰਟੇ ਵਿਚ ਕਾਰਜ ਕਰਨਾ ਹੁੰਦਾ ਹੈ।" ਇਸ ਤਰ੍ਹਾਂ ਪਾਠ ਯੋਜਨਾ ਇਕ ਅਧਿਆਪਕ ਦੁਆਰਾ ਸ਼੍ਰੇਣੀ ਦੇ ਕਮਰੇ ਵਿਚ ਆਪਣੇ ਵਿਦਿਆਰਥੀਆਂ ਨਾਲ ਵਿਹਾਰਿਕ ਰੂਪ ਨਾਲ ਕੀਤੀ ਜਾਣ ਵਾਲੀ ਕਿਰਿਆਵਾਂ ਦੀ ਵਿਸਤ੍ਰਿਤ ਲਿਖਤੀ ਰੂਪ ਰੇਖਾ ਹੈ। ਅਧਿਆਪਕ ਜੋ ਕੁਝ ਸ਼੍ਰੇਣੀ ਦੇ ਕਮਰੇ ਵਿਚ ਕਰਨ ਜਾ ਰਿਹਾ ਹੈ, ਇਹ ਉਸਦਾ ਇਕ ਲਿਖਤੀ ਵਿਵਰਨ ਹੁੰਦਾ ਹੈ। ਅਧਿਆਪਕ ਜਾਂ ਤਾਂ ਗਿਆਨਾਤਮਕ ਪੱਧਰ ਤੇ ਇਹ ਤਿਆਰੀ ਕਰ ਲੈਂਦਾ ਹੈ ਜਾਂ ਲਿਖਤ ਰੂਪ ਵਿਚ ਪਾਠ ਦੀ ਯੋਜਨਾ ਬਣਾ ਲੈਂਦਾ ਹੈ।

**ਪਾਠ ਯੋਜਨਾ ਦੀ ਲੋੜ ਅਤੇ ਮਹੱਤਤਾ**

ਇਹ ਕਿਹਾ ਜਾਂਦਾ ਹੈ ਕਿ ਸਿੱਖਿਆ ਦਾ ਪਸਾਰ ਤੇ ਸਰੂਪ ਅਧਿਆਪਕ ਦੀ ਯੋਗਤਾ ਸਮਰੱਥਾ ਤੇ ਨਿਰਭਰ ਕਰਦਾ ਹੈ। ਅਧਿਆਪਕ ਦੀ ਸਮਰੱਥਾ, ਚੰਗੀ ਯੋਜਨਾ ਦੀ ਤਿਆਰੀ ਤੋਂ ਜਾਣੀ ਜਾਂਦੀ ਹੈ। ਇਕ ਅਧਿਆਪਕ ਜੋ ਸ਼੍ਰੇਣੀ ਵਿਚ ਜਾਣ ਤੋਂ ਪਹਿਲਾਂ ਆਪਣੇ ਪਾਠਾਂ ਨੂੰ ਧਿਆਨ-ਪੂਰਵਕ ਤਿਆਰੀ ਕਰਦਾ ਹੈ ਹਮੇਸ਼ਾ ਸਫਲ ਰਹਿੰਦਾ ਹੈ ਅਤੇ ਆਪਣੇ ਅਧਿਆਪਕ ਦੀ ਵੀ ਹੇਠ ਲਿਖੇ ਅਨੁਸਾਰ ਸਹਾਇਤਾ ਕਰਦਾ ਹੈ —

1. ਪਾਠ-ਯੋਜਨਾ, ਅਧਿਆਪਕ ਦੇ ਕਾਰਜ ਖੇਤਰ ਨੂੰ, ਵਿਸ਼ੇਸ਼ ਇਕਾਈ ਵਿਚ ਅਤੇ ਨਿਸ਼ਚਿਤ (ਪੀਰੀਅਡ) ਦੇ ਲੋੜ ਮੁਤਾਬਿਕ ਸੀਮਾ ਬੱਧ ਕਰਦੀ ਹੈ। ਉਸਨੂੰ ਇੱਧਰ ਉੱਧਰ ਭਟਕਣ ਤੋਂ ਰੋਕਦੀ ਹੈ।
2. ਇਸ ਨਾਲ ਅਧਿਆਪਕ ਦੀ ਵਿਸ਼ੇ ਵਸਤੂ ਦੀ ਚੋਣ, ਪੇਸ਼ਕਾਰੀ ਅਤੇ ਮੁਲਾਂਕਣ ਆਦਿ ਵਿਚ ਸਹਾਇਤਾ ਕਰਦੀ ਹੈ।

Scanned with CamScanner

3. ਇਸ ਨਾਲ ਅਧਿਆਪਕ ਦੇ ਕੰਮ ਵਿਚ ਕ੍ਰਮ ਬੱਧਤਾ ਆਉਂਦੀ ਹੈ। ਯੋਜਨਾਬੱਧ ਸਿੱਖਿਆ ਇਕ ਕ੍ਰਮਬੱਧ ਪ੍ਰਕਿਰਿਆ ਹੈ।

4. ਉਚਿਤ ਸੰਗਠਨ ਤੇ ਕ੍ਰਮ ਬੱਧਤਾ ਦੁਆਰਾ, ਪਾਠ ਯੋਜਨਾ ਸਿੱਖਿਆ – ਅਧਿਆਪਨ ਪ੍ਰਕਿਰਿਆ ਵਿਚ ਸਰਲਤਾ ਪ੍ਰਦਾਨ ਕਰਦੀ ਹੈ ਇਸ ਨਾਲ ਅਧਿਆਪਕ ਤੇ ਵਿਦਿਆਰਥੀ ਦੋਹਾਂ ਦੀ ਸ਼ਕਤੀ ਤੇ ਸਮੇਂ ਦੀ ਬੱਚਤ ਹੁੰਦੀ ਹੈ।

5. ਪਾਠ ਯੋਜਨਾ, ਸ਼੍ਰੇਣੀ ਦੇ ਸਮਾਜਿਕ ਤੇ ਭਾਵਾਤਮਿਕ ਵਾਤਾਵਰਨ ਬਾਰੇ ਅਧਿਆਪਕ ਨੂੰ ਪਹਿਲਾਂ ਤੋਂ ਹੀ ਅਨੁਮਾਨ ਲਗਾਉਣ ਕਲਪਨਾ ਕਰਾਉਣ ਦੇ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਅਨੁਮਾਨ ਲਗਾਉਣ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਸ਼੍ਰੇਣੀ ਵਿਵਹਾਰ ਅਧਿਆਪਕ ਵਿਦਿਆਰਥੀ ਵਿਵਹਾਰ ਅਤੇ ਸ਼੍ਰੇਣੀ ਨਿਯੰਤ੍ਰਣ ਵਿਵਹਾਰ ਨੂੰ ਠੀਕ ਪ੍ਰਕਾਰ ਨਿਯੰਤ੍ਰਿਤ ਕਰਨ ਵਿਚ ਅਧਿਆਪਕ ਦੀ ਸਹਾਇਤਾ ਕਰਦੀ ਹੈ।

6. ਸ਼੍ਰੇਣੀ ਵਿਚ ਪ੍ਰਸਤੁਤ ਕੀਤੇ ਜਾਣ ਵਾਲੇ ਪਾਠ ਦੇ ਵਿਸ਼ੇ ਵਸਤੂ ਉੱਪਰ ਸੰਪੂਰਨ ਅਧਿਕਾਰ ਪ੍ਰਾਪਤ ਕਰਨ ਵਿਚ ਪਾਠ ਯੋਜਨਾ ਸਹਾਇਤਾ ਕਰਦੀ ਹੈ।

7. ਢੁੱਕਵੇਂ ਵਿਸ਼ੇ ਵਸਤੂ ਦੀ ਪੇਸ਼ਕਾਰੀ ਲਈ ਉਚਿਤ ਅਧਿਆਪਨ ਪੱਧਤੀ ਦੀ ਚੋਣ ਕਰਨ ਅਤੇ ਦੇਖਣ ਸੁਣਨ ਸਾਮਗਰੀ ਦੇ ਉਚਿਤ ਪ੍ਰਯੋਗ ਲਈ ਪਹਿਲਾਂ ਤੋਂ ਹੀ ਯੋਜਨਾ ਬਣਾਉਣ ਤੇ ਤਿਆਰੀ ਕਰਨ ਵਿਚ ਪਾਠ ਯੋਜਨਾ ਅਧਿਆਪਕ ਦੀ ਸਹਾਇਤਾ ਕਰਦੀ ਹੈ।

8. ਵਿਸ਼ੇ ਦੇ ਨਵੀਨ ਗਿਆਨ ਨੂੰ ਵਿਦਿਆਰਥੀਆਂ ਦੇ ਪੂਰਵ ਗਿਆਨ ਨਾਲ ਪਾਠ ਨੂੰ ਦੂਸਰੇ ਸੰਬੰਧਿਤ ਵਿਸ਼ਿਆਂ ਦੇ ਗਿਆਨ ਨਾਲ ਅਤੇ ਸਿਧਾਂਤਕ ਗਿਆਨ ਨੂੰ ਉਸਦੇ ਵਿਵਹਾਰਿਕ ਪ੍ਰਯੋਗ ਪ੍ਰਯੋਗਾਂ ਨਾਲ ਜੋੜਦੇ ਪਾਠ ਯੋਜਨਾ ਵਿਧੀ ਅਨੁਸਾਰ ਦੁਆਰਾ ਅਧਿਆਪਕ ਦੀ ਸਹਾਇਤਾ ਕਰਦੀ ਹੈ।

9. ਵਿਦਿਆਰਥੀਆਂ ਦੀਆਂ ਵਿਅਕਤੀਗਤ ਭਿੰਨਤਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਦੀਆਂ ਯੋਗਤਾਵਾਂ ਤੇ ਸਮਰੱਥਾ ਅਨੁਸਾਰ

Scanned with CamScanner

(4)

ਜੋ ਕਿ ਅਧਿਆਪਨ ਨੂੰ ਉਚਿਤ ਪੱਧਰ ਵਿਚ ਵੰਡਣ ਵਿਚ ਅਧਿਆਪਕ ਦੀ ਸਹਾਇਤਾ ਕਰਦੀ ਹੈ।

(5) ਪਾਠ ਦੀ ਦੁਹਰਾਈ, ਅਭਿਆਸ, ਘਰ ਦਾ ਕੰਮ ਆਦਿ ਦੀ ਉਚਿਤ ਅਨੁਸਾਰ ਦੇ ਮਾਧਿਅਮ ਨਾਲ ਨਵੀਨ ਗਿਆਨ ਨੂੰ ਸਥਾਈ ਗਿਆਨ ਬਣਾਉਣ ਵਿਚ ਪਾਠ ਯੋਜਨਾ ਵਿਦਿਆਰਥੀ ਤੇ ਅਧਿਆਪਕ ਦੀ ਸਹਾਇਤਾ ਕਰਦੀ ਹੈ।

Scanned with CamScanner

# (1) ਪਾਠ ਯੋਜਨਾ ਦੀ ਬਣਤਰ

ਬਣਤਰ ਤੋਂ ਭਾਵ ਹੈ ਰੂਪ-ਰੇਖਾ। ਪਾਠ ਯੋਜਨਾ ਦੀ ਬਣਤਰ ਕਿਹੋ ਜਿਹੀ ਹੋਣੀ ਚਾਹੀਦੀ ਹੈ? ਇਸ ਵਿਚ ਪਾਠ ਯੋਜਨਾ ਦੀ ਰੂਪ-ਰੇਖਾ ਨਾਲ ਸੰਬੰਧਤ ਹੈ। ਪਾਠ ਯੋਜਨਾ ਦੀ ਬਣਤਰ ਵਿਚ ਉਹਨਾਂ ਸਾਰੇ ਵਿਧੀਆਂ, ਵੰਨਗੀਆਂ, ਅਤੇ ਪੜਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜੋ ਸਫਲ ਅਧਿਆਪਨ ਵਿੱਚ ਸਹਾਇਕ ਹੁੰਦੇ ਹਨ। ਆਮ ਤੌਰ ਤੇ ਪਾਠ ਯੋਜਨਾ ਦੀਆਂ ਦੈਨਿਕ, ਇਕਾਈ ਅਤੇ ਵਾਰਸ਼ਿਕ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ। ਪਰ ਇਹਨਾਂ ਤੋਂ ਬਿਨਾਂ ਪਾਠ ਯੋਜਨਾ ਦੀਆਂ ਹੋਰ ਵੰਨਗੀਆਂ ਵੀ ਹਨ, ਜਿਵੇਂ :-

1. ਹਰਬਰਟ ਵੰਨਗੀ
2. ਮੌਰੀਸਨ ਦੀ ਇਕਾਈ ਵੰਨਗੀ
3. ਬਲੂਮ ਵਿਧੀ ਜਾਂ ਮੁਲਾਂਕਣ
4. ਖੇਤਰੀ ਸਿੱਖਿਆ ਮਹਾਂਵਿਦਿਆਲਾ ਮੈਸੂਰ ਮੈਸੂਰ ਵੰਨਗੀ।

ਭਾਵੇਂ ਕਿ ਇਹਨਾਂ ਸਭ ਵਿਧੀਆਂ (ਵੰਨਗੀਆਂ) ਦੀਆਂ ਆਪਣੀਆਂ ਆਪਣੀਆਂ ਵਿਸ਼ੇਸ਼ਤਾਵਾਂ ਅਤੇ ਸੀਮਾਵਾਂ ਹਨ, ਪਰ ਫਿਰ ਵੀ ਕੋਈ ਵੀ ਵੰਨਗੀ ਪੂਰੀ ਤਰ੍ਹਾਂ ਸੰਪੂਰਨ ਨਹੀਂ ਹੈ। ਹਰੇਕ ਵੰਨਗੀ ਵਿੱਚ ਗੁਣਾਂ ਦੇ ਨਾਲ-ਨਾਲ ਦੋਸ਼ ਵੀ ਪਾਏ ਜਾਂਦੇ ਹਨ, ਇਸ ਲਈ ਕੋਈ ਵੀ ਵੰਨਗੀ ਦੋਸ਼-ਮੁਕਤ ਨਹੀਂ। ਪਾਠ ਯੋਜਨਾ ਦੀ ਬਣਤਰ ਕਰਨ ਸਮੇਂ ਇਹਨਾਂ ਸਾਰੀਆਂ ਵੰਨਗੀਆਂ ਦੇ ਗੁਣਾਂ ਨੂੰ ਇਕੱਤਰ ਕਰਕੇ ਇਕ ਚੰਗੀ ਆਦਰਸ਼ ਯੋਜਨਾ ਤਿਆਰ ਕੀਤੀ ਜਾ ਸਕਦੀ ਹੈ। ਇਸ ਆਦਰਸ਼ ਪਾਠ ਯੋਜਨਾ

(੨)

ਦੇ ਨਿਮਨਲਿਖਿਤ ਪੜਾਅ ਹੋ ਸਕਦੇ ਹਨ :-

1. ਵਿਸ਼ਾ 2. ਉਪ-ਵਿਸ਼ਾ 3. ਜਮਾਤ 4. ਸਮਾਂ
5. ਸਹਾਇਕ ਸਮੱਗਰੀ 6. ਉਦੇਸ਼ 7. ਪੂਰਵ ਗਿਆਨ [illegible]
8. ਭੂਮਿਕਾ ਅਤੇ ਉਦੇਸ਼ ਕਥਨ ਦੀ ਘੋਸ਼ਣਾ
9. ਵਿਸ਼ਾ ਪ੍ਰਵੇਸ਼ ਜਾਂ ਪ੍ਰਸਤੁਤੀਕਰਨ 10. ਦੁਹਰਾਈ
11. ਘਰ ਦਾ ਕੰਮ।

ਹੁਣ ਪਾਠ ਯੋਜਨਾ ਦੇ ਇਹਨਾਂ ਪੜਾਵਾਂ ਦਾ ਵਰਨਣ ਇਸ ਪ੍ਰਕਾਰ ਹੈ :-

1. **ਵਿਸ਼ਾ** :- ਇਹ ਪਾਠ ਯੋਜਨਾ ਦਾ ਸਭ ਤੋਂ ਪਹਿਲਾ ਪੜਾਅ ਹੈ। ਇਹ ਸਭ ਤੋਂ ਮਹੱਤਵਪੂਰਨ ਪੜਾਅ ਹੈ ਇਸ ਵਿੱਚ ਇਹ ਲਿਖਿਆ ਜਾਂਦਾ ਹੈ ਕਿ ਅਧਿਆਪਕ ਨੇ ਕਿਹੜਾ ਵਿਸ਼ਾ ਪੜ੍ਹਾਉਣਾ ਹੈ, ਉਸ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਜਿਵੇਂ :- ਹਿੰਦੀ, ਪੰਜਾਬੀ, ਅੰਗਰੇਜ਼ੀ, ਸਮਾਜਿਕ ਆਦਿ।

2. **ਉਪ-ਵਿਸ਼ਾ** :- ਪਾਠਕ੍ਰਮ ਦੇ ਜਿਸ ਹਿੱਸੇ ਨੂੰ ਪੜ੍ਹਾਉਣਾ ਹੈ, ਉਸ ਬਾਰੇ ਇਸ ਪੜਾਅ ਵਿੱਚ ਲਿਖਿਆ ਜਾਂਦਾ ਹੈ, ਜਿਵੇਂ :- ਕਵਿਤਾ, ਕਹਾਣੀ, ਲੇਖ ਆਦਿ।

3. **ਜਮਾਤ** :- ਜਿਸ ਸ਼੍ਰੇਣੀ ਦੇ ਪਾਠਕ੍ਰਮ ਦੀ ਪਾਠ ਯੋਜਨਾ ਤਿਆਰ ਕਰਨੀ ਹੈ, ਉਸ ਸ਼੍ਰੇਣੀ ਦਾ ਨਾਂ ਲਿਖਿਆ ਜਾਂਦਾ ਹੈ, ਜਿਵੇਂ :- ਛੇਵੀਂ, ਪੰਜਵੀਂ, ਨੌਵੀਂ ਆਦਿ।

4. **ਸਮਾਂ** :- ਪਾਠ ਯੋਜਨਾ ਦੇ ਇਸ ਪੜਾਅ ਵਿੱਚ ਅਧਿਆਪਕ ਕੋਲ ਪੀਰੀਅਡ ਦਾ ਜਿੰਨਾ ਸਮਾਂ ਹੁੰਦਾ ਹੈ, ਉਸਦਾ ਉਲੇਖ ਕੀਤਾ ਜਾਂਦਾ ਹੈ। ਪੀਰੀਅਡ ਜਿਵੇਂ 25 ਮਿੰਟ, 30 ਮਿੰਟ, 40 ਮਿੰਟ। ਪਾਠ ਯੋਜਨਾ ਦਾ ਇਹ ਪੜਾਅ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਵਿੱਚ ਅਧਿਆਪਕ ਨੇ ਸਮਾਂ ਅਨੁਸਾਰ ਸਭ ਕੁਝ ਪੜ੍ਹਾਉਣਾ ਹੁੰਦਾ ਹੈ।

Scanned with CamScanner

5. **ਸਹਾਇਕ ਸਾਮੱਗਰੀ** :- ਸੰਬੰਧਿਤ ਵਿਸ਼ੇ ਨੂੰ ਪੜ੍ਹਾਉਣ ਸਮੇਂ ਜੋ ਜੋ ਸਾਮੱਗਰੀ ਵਰਤੀ ਜਾਂਦੀ ਹੈ, ਉਸਦਾ ਜ਼ਿਕਰ ਇਸ ਵਿੱਚ ਕੀਤਾ ਜਾਂਦਾ ਹੈ। ਇਹ ਸਾਮੱਗਰੀ ਕਈ ਪ੍ਰਕਾਰ ਦੀ ਹੁੰਦੀ ਹੈ। ਜਿਵੇਂ : ਚਾਕ, ਝਾੜਨ - ਡਸਟਰ, ਪ੍ਰਕਾਰ ਦਾ ਨਕਸ਼ਾ, ਚਾਰਟ, ਮਾਡਲ, ਨਕਸ਼ਾ ਆਦਿ।

6. **ਉਦੇਸ਼** :- ਸੰਬੰਧਿਤ ਵਿਸ਼ੇ ਨੂੰ ਪੜ੍ਹਾਉਣ ਸਮੇਂ ਕੀ ਉਦੇਸ਼ ਹਨ ? ਉਹਨਾਂ ਦਾ ਵਰਣਨ ਵਿੱਚ ਕੀਤਾ ਜਾਂਦਾ ਹੈ। ਸਾਹਿਤਕ, ਸਮਾਜਿਕ, ਨੈਤਿਕ ਆਦਿ ਉਦੇਸ਼ਾਂ ਦਾ ਵਰਣਨ ਇਸ ਵਿੱਚ ਕੀਤਾ ਜਾਂਦਾ ਹੈ। ਇਸ ਪੜਾਅ ਵਿੱਚ ਦੋ ਪ੍ਰਕਾਰ ਦੇ ਉਦੇਸ਼ਾਂ ਨੂੰ ਲਿਖਿਆ ਜਾਂਦਾ ਹੈ। ਆਮ ਉਦੇਸ਼ (ਵਿਸ਼ੇ ਨਾਲ ਸੰਬੰਧਿਤ) ਅਤੇ ਖ਼ਾਸ ਉਦੇਸ਼ (ਉਪ-ਵਿਸ਼ੇ ਨਾਲ ਸੰਬੰਧਿਤ)।

7. **ਪੂਰਵ-ਗਿਆਨ ਦੀ ਪਰਖ** :- ਇਸ ਪੜਾਅ ਵਿੱਚ ਅਧਿਆਪਕ ਵਿਦਿਆਰਥੀਆਂ ਤੋਂ ਇਹ ਜਾਣਨ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਸੰਬੰਧਿਤ ਵਿਸ਼ੇ ਬਾਰੇ ਪਹਿਲਾਂ ਕੀ ਕੁਝ ਜਾਣਦੇ ਹਨ। ਇਸ ਸੰਬੰਧ ਵਿੱਚ ਅਧਿਆਪਕ ਦੁਆਰਾ ਕੁਝ ਪ੍ਰਸ਼ਨ ਕੀਤੇ ਜਾਂਦੇ ਹਨ ਅਤੇ ਉਹਨਾਂ ਦੇ ਉੱਤਰ ਵਿਦਿਆਰਥੀਆਂ ਤੋਂ ਪੁੱਛੇ ਜਾਂਦੇ ਹਨ। ਇਹ ਪ੍ਰਸ਼ਨ ਬੱਚਿਆਂ ਦੀ ਮਾਨਸਿਕ ਪੱਧਰ ਤੇ ਉਮਰ ਦੇ ਅਨੁਸਾਰ ਹੋਣੇ ਚਾਹੀਦੇ ਹਨ। ਪ੍ਰਸ਼ਨਾਂ ਦੀ ਭਾਸ਼ਾ ਸਾਫ਼, ਸਰਲ ਤੇ ਸੰਖੇਪ ਹੋਣੀ ਚਾਹੀਦੀ ਹੈ ਜਿਸ ਨੂੰ ਬੱਚੇ ਆਸਾਨੀ ਨਾਲ ਸਮਝ ਸਕਣ ਅਤੇ ਵਿਦਿਆਰਥੀ ਠੀਕ ਉੱਤਰ ਦੇ ਸਕਣ।

8. **ਭੂਮਿਕਾ ਤੇ ਉਦੇਸ਼ ਕਥਨ ਦੀ ਪਰਖ** :- ਪਾਠ ਯੋਜਨਾ ਦੇ ਇਸ ਪੜਾਅ ਵਿੱਚ ਅਧਿਆਪਕ ਨਵੇਂ ਵਿਸ਼ੇ ਨੂੰ ਪ੍ਰਸਤੁਤ ਕਰਦਾ ਹੈ। ਇਸ ਲਈ ਭੂਮਿਕਾ ਬੰਨ੍ਹੀ ਜਾਂਦੀ ਹੈ ਤਾਂ ਜੋ ਇਸ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ। ਭੂਮਿਕਾ ਬੰਨ੍ਹਣ ਸਮੇਂ ਉਦਾਹਰਨਾਂ ਤੇ ਕਹਾਣੀਆਂ ਦਾ ਸਹਾਰਾ ਲਿਆ ਜਾਂਦਾ ਹੈ ਜੋ ਵਿਦਿਆਰਥੀ ਦੇ ਰੋਜ਼ਾਨਾ ਜੀਵਨ ਵਿੱਚ ਵਾਪਰਦੀਆਂ ਹਨ। ਭੂਮਿਕਾ ਦੇ ਨਾਲ-ਨਾਲ ਉਦੇਸ਼ ਕਥਨ ਵੀ ਦੱਸਿਆ ਜਾਂਦਾ ਹੈ। ਅਧਿਆਪਕ ਜਿਸ ਉਪ-ਵਿਸ਼ੇ ਨੂੰ ਪੜ੍ਹਾਉਣ ਜਾ ਰਿਹਾ ਹੁੰਦਾ ਹੈ, ਉਸਦੇ ਸੰਬੰਧ ਵਿੱਚ ਦੱਸਦਾ ਹੈ ਕਿ ਅੱਜ ਅਸੀਂ

Scanned with CamScanner

ਅਸੀਂ ਇਸ ਪਰਕਾਰ (ਉਪ-ਵਿਸ਼ੇ) ਦਾ ਆਯੋਜਨ ਕਰਾਂਗੇ।

9. ਵਿਸ਼ਾ-ਪ੍ਰਵੇਸ਼ ਜਾਂ ਪ੍ਰਸਤੁਤੀਕਰਨ :- ਪਾਠ ਯੋਜਨਾ ਦਾ ਇਹ ਸਭ ਤੋਂ ਵੱਧ ਮਹੱਤਵਪੂਰਨ ਪੜਾਅ ਹੈ ਕਿਉਂਕਿ ਇਸ ਪੜਾਅ ਵਿਚ ਵਿਸ਼ੇ ਦੀ ਸੰਖੇਪ ਵਿੱਚ ਪੂਰਨ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਦਾ ਸਮੇਂ ਅਧਿਆਪਕ ਕਿਸੇ ਵੀ ਕਲਾਸੀ ਵਿਧੀ ਦਾ ਪ੍ਰਯੋਗ ਕਰ ਸਕਦਾ ਹੈ। ਪਾਠ ਯੋਜਨਾ ਦੇ ਇਸ ਪੜਾਅ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਦੁਹਰਾਈਆਂ ਗਈਆਂ ਵਿਧੀਆਂ ਦਾ ਵਿਸ਼ਲੇਸ਼ਣ ਅਧਿਆਪਕ ਦੁਆਰਾ ਕੀਤਾ ਜਾਂਦਾ ਹੈ।

10. ਦੁਹਰਾਈ :- ਇਸ ਵਿਧੀ ਵਿੱਚ ਪੜ੍ਹਾਉਣ ਤੋਂ ਬਾਅਦ ਅਧਿਆਪਕ ਦੁਆਰਾ ਵਿਸ਼ੇ ਨਾਲ ਸੰਬੰਧਿਤ ਦੁਹਰਾਈ ਦੇ ਪ੍ਰਸ਼ਨ ਪੁੱਛੇ ਜਾਂਦੇ ਹਨ। ਇਹ ਪ੍ਰਸ਼ਨ ਪੁੱਛਣ ਨਾਲ ਬੱਚਿਆਂ ਨੂੰ ਦਿੱਤਾ ਗਿਆ ਗਿਆਨ ਸਪਸ਼ਟ ਹੋ ਜਾਂਦਾ ਹੈ।

11. ਘਰ ਦਾ ਕੰਮ :- ਇਹ ਪਾਠ ਯੋਜਨਾ ਦਾ ਅੰਤਿਮ ਪੜਾਅ ਹੈ। ਇਸ ਵਿਚ ਅਧਿਆਪਕ ਪੜ੍ਹਾਏ ਗਏ ਵਿਸ਼ੇ ਨਾਲ ਸੰਬੰਧਿਤ ਕੁਝ ਪ੍ਰਸ਼ਨ ਵਿਦਿਆਰਥੀਆਂ ਨੂੰ ਲਿਖ ਕੇ ਜਾਂ ਯਾਦ ਕਰਕੇ ਆਉਣ ਲਈ ਕਹੇਗਾ।

ਉਪਰੋਕਤ ਪੜਾਵਾਂ ਤੇ ਚਰਚਾ ਕਰਨ ਤੋਂ ਬਾਅਦ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪਾਠ ਯੋਜਨਾ ਕਿਸੇ ਇਕ ਤੱਤ ਨਾਲ ਨਹੀਂ ਬਣ ਸਕਦੀ। ਇੱਕ ਆਦਰਸ਼ ਪਾਠ ਯੋਜਨਾ ਤਿਆਰ ਕਰਨ ਲਈ ਵਿਭਿੰਨ ਤੱਤਾਂ ਦਾ ਸੁਮੇਲ ਜ਼ਰੂਰੀ ਹੈ।

Scanned with CamScanner